# ਤੱਤੀ ਤਵੀ ਦਾ ਸੱਚ (ਆਤਮਜੀਤ)

(ਜਾਣ-ਪਛਾਣ)

ਜਗਬੀਰ ਸਿੰਘ*

ਆਤਮਜੀਤ ਪੰਜਾਬੀ ਦੇ ਉਨ੍ਹਾਂ ਗਿਣੇ ਚੁਣੇ ਸਮਕਾਲੀ ਨਾਟਕਾਰਾਂ - ਗੁਰਸ਼ਰਨ ਸਿੰਘ, ਅਜਮੇਰ ਔਲਖ, ਆਤਮਜੀਤ, ਚਰਨ ਦਾਸ ਸਿੱਧੂ ਅਤੇ ਸਵਰਾਜਬੀਰ - ਵਿਚੋਂ ਹੈ ਜਿਨ੍ਹਾਂ ਨੇ ਆਪੋ ਆਪਣੀ ਸਿਰਜਣਾਤਮਕ ਪ੍ਰਤਿਭਾ ਰਾਹੀਂ ਸਮਕਾਲੀ ਯਥਾਰਥ, ਲੋਕਧਾਰਾ, ਮਿੱਥ ਅਤੇ ਇਤਿਹਾਸ ਦੇ ਹਵਾਲੇ ਨਾਲ ਅਜੋਕੇ ਪੰਜਾਬੀ ਨਾਟਕ ਦਾ ਨਵਾਂ ਮੁਹਾਂਦਰਾ ਉਲੀਕਣ ਦਾ ਉਪਰਾਲਾ ਕੀਤਾ ਹੈ। ਇਸੇ ਲਈ ਪੰਜਾਬੀ ਪਾਠਕਾਂ ਅਤੇ ਦਰਸ਼ਕਾਂ ਲਈ ਨਾ ਤਾਂ ਆਤਮਜੀਤ ਖ਼ੁਦ ਕਿਸੇ ਵਿਸ਼ੇਸ਼ ਜਾਣ ਪਛਾਣ ਦਾ ਮੁਹਤਾਜ ਹੈ ਅਤੇ ਨਾ ਹੀ ਉਸਦਾ ਨਾਟ-ਸੰਸਾਰ। ਉਹ ਸਿਰਫ਼ ਨਾਟਕਕਾਰ ਹੀ ਨਹੀਂ ਸਗੋਂ ਇਕ ਕੁਸ਼ਲ ਰੰਗਕਰਮੀ ਅਤੇ ਪ੍ਰਤਿਭਾਵਾਨ ਨਾਟ-ਨਿਰਦੇਸ਼ਕ ਵੀ ਹੈ। ਉਸਨੇ ਆਪਣੀਆਂ ਨਾਟ-ਲਿਖਤਾਂ ਅਤੇ ਮੰਚੀ ਪੇਸ਼ਕਾਰੀਆਂ ਰਾਹੀਂ ਪੰਜਾਬੀ ਪਾਠਕਾਂ ਅਤੇ ਦਰਸ਼ਕਾਂ ਨੂੰ ਹੀ ਨਹੀਂ ਸਗੋਂ ਅਕਾਦਮਿਕ ਹਲਕਿਆਂ ਨੂੰ ਵੀ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਹੁਣ ਤਕ ਉਸਦੇ ਚਾਰ ਲਘੂ ਨਾਟ-ਸੰਗ੍ਰਹਿ ਅਤੇ ਨੌਂ ਵੱਡੇ ਨਾਟਕ ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਵਿਚੋਂ ਉਸਦੇ ਬਹੁ-ਚਰਚਿਤ ਨਾਟਕ **ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਫ਼ਰਸ਼ ਵਿਚ ਉੱਗਿਆ ਰੁੱਖ, ਪੂਰਨ, ਕੈਮਲੂਪਸ ਦੀਆਂ ਮੱਛੀਆਂ, ਮੈਂ ਤਾਂ ਇਕ ਸਾਰੰਗੀ ਹਾਂ** ਅਤੇ **ਪੰਜ ਨਦ ਦਾ ਪਾਣੀ** ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। ਇਹ ਆਪਣੀ ਪ੍ਰਯੋਗਸ਼ੀਲ ਬਿਰਤੀ ਅਤੇ ਵਿਸ਼ੈਗਤ ਸਾਰਥਕਤਾ ਪੱਖੋਂ ਭਰਪੂਰ ਨਾਮਨਾ ਖੱਟ ਚੁੱਕੇ ਹਨ।

ਸਾਡਾ ਸਰੋਕਾਰ ਇੱਥੇ ਉਸਦੇ ਨਵ-ਪ੍ਰਕਾਸ਼ਿਤ ਨਾਟਕ **ਤੱਤੀ ਤਵੀ ਦਾ ਸੱਚ** ਨਾਲ ਹੈ। ਇਹ ਉਸਦਾ ਦਸਵਾਂ ਵੱਡਾ ਨਾਟਕ ਹੈ ਜੋ ਕਈ ਪੱਖਾਂ ਤੋਂ ਵਿਲੱਖਣ ਤੇ ਵਿਸ਼ੇਸ਼ ਹੈ। ਲੇਖਕ ਦੇ ਆਪਣੇ ਸ਼ਬਦਾਂ ਵਿਚ "**ਤੱਤੀ ਤਵੀ ਦਾ ਸੱਚ** ਪਹਿਲਾ ਨਾਟਕ ਹੈ ਜੋ ਮੈਂ ਸਿੱਖ ਇਤਿਹਾਸ ਨੂੰ ਸਨਮੁਖ ਰੱਖ ਕੇ ਲਿਖਿਆ ਹੈ। ਮੈਂ ਹਮੇਸ਼ਾ ਸਿੱਖ ਇਤਿਹਾਸ ਦੇ ਨਾਟਕੀ ਅੰਸ਼ ਤੋਂ ਪ੍ਰਭਾਵਿਤ ਰਿਹਾ ਹਾਂ, ਪਰ ਸਿੱਖ ਧਰਮ ਦੀਆਂ ਪਰੰਪਰਾਵਾਂ ਕਰਕੇ ਗੁਰੂ-ਨਾਇਕ ਨੂੰ ਮੰਚ ਉੱਤੇ ਪ੍ਰਸਤੁਤ ਕਰਨਾ ਮੁਮਕਿਨ ਨਹੀਂ। ਨਾਇਕ ਦੀ ਗ਼ੈਰ ਹਾਜ਼ਰੀ ਵਿਚ ਉਸਦਾ ਪ੍ਰਭਾਵਸ਼ਾਲੀ ਚਿਤਰਣ ਆਸਾਨ ਕਾਰਜ ਨਹੀਂ ਹੈ।" (ਪੰਨਾ - 8)

ਇਸ ਤਰ੍ਹਾਂ ਮੂਲ ਰੂਪ ਵਿਚ ਭਾਵੇਂ ਇਹ ਇਕ ਇਤਿਹਾਸਕ ਨਾਟਕ ਹੈ ਪਰ ਇਸਦੀ ਰਚਨਾ-ਜੁਗਤ ਇਤਿਹਾਸਕ ਨਾਟਕ ਦੀ ਪਰੰਪਰਕ ਵਿਧਾ ਨਾਲੋਂ ਭਿੰਨ ਹੈ। ਇਸਦਾ ਨਾਇਕ, ਇਸ ਵਿਚਲੇ ਵਧੇਰੇ ਪਾਤਰ, ਘਟਨਾਵਾਂ ਅਤੇ ਸਥਿਤੀਆਂ ਇਤਿਹਾਸਕ ਹਨ ਪਰ ਇਹ ਨਾ ਤਾਂ ਉਹ ਆਪਣੇ ਨਾਇਕ ਨੂੰ ਮੰਚ ਉੱਤੇ ਪੇਸ਼ ਕਰਦਾ ਹੈ ਅਤੇ ਨਾ ਹੀ ਘਟਨਾਵਾਂ ਅਤੇ ਕਾਰਜਾਂ ਨੂੰ ਕਿਸੇ ਨਿਸ਼ਚਿਤ ਕਥਾਨਕੀ ਵਿਉਂਤ ਅਨੁਸਾਰ ਪ੍ਰਸਤੁਤ ਕਰਦਾ ਹੈ। ਇਸ ਨਾਟਕ ਦੇ ਮਹਾਂ-ਨਾਇਕ ਗੁਰੂ ਅਰਜਨ ਦੇਵ ਹਨ ਅਤੇ ਕੇਂਦਰੀ ਘਟਨਾ ਉਨ੍ਹਾਂ ਦੀ ਸ਼ਹਾਦਤ ਹੈ। ਪਰ ਦਿੱਕਤ ਇਹ ਹੈ ਕਿ ਸਿੱਖ-ਸੰਸਥਾ ਦੀ ਰਵਾਇਤ ਅਨੁਸਾਰ ਨਾ ਤਾਂ ਉਹ ਗੁਰੂ-ਨਾਇਕ ਨੂੰ ਅਤੇ ਨਾ ਹੀ ਇਸ ਮੂਲ ਘਟਨਾ ਨੂੰ ਮੰਚ ਉੱਤੇ ਪੇਸ਼ ਕਰ ਸਕਦਾ ਹੈ।

---

* ਸਾਬਕਾ ਪ੍ਰੋਫੈਸਰ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ.

ਅਸਲ ਵਿਚ ਆਤਮਜੀਤ ਇਸ ਸਮੱਸਿਆਕਾਰ ਨਾਲ ਨਜਿੱਠਣ ਵਾਲਾ ਪਹਿਲਾ ਜਾਂ ਇਕੱਲਾ ਨਾਟਕਕਾਰ ਨਹੀਂ ਹੈ। ਉਹ ਪੰਜਾਬੀ ਵਿਚ ਰਚੇ ਗਏ 'ਸ਼ਤਾਬਦੀ ਨਾਟਕਾਂ' ਦੀ ਪਰੰਪਰਾ ਅਨੁਸਾਰ ਪ੍ਰਯੋਗਸ਼ੀਲ ਢੰਗ ਨਾਲ ਗ਼ੈਰ-ਹਾਜ਼ਰ ਨਾਇਕ ਦੀ ਜੁਗਤ ਨੂੰ ਵਰਤਦਾ ਹੈ ਅਤੇ ਸ਼ਹਾਦਤ ਦੇ ਪਿਛੋਕੜ ਵਿਚ ਕਾਰਜਸ਼ੀਲ ਇਤਿਹਾਸਕ ਅਤੇ ਵਿਚਾਰਧਾਰਾਈ ਮਹੱਤਵ ਵਾਲੀਆਂ ਸਥਿਤੀਆਂ ਦਾ ਪਰਿਪੇਖ ਉਸਾਰਦਾ ਹੈ। ਤਾਂ ਵੀ ਗੁਰੂ-ਨਾਇਕ ਦੀ ਇਤਿਹਾਸਕ ਸ਼ਖ਼ਸੀਅਤ ਮੰਚ ਤੋਂ ਗ਼ੈਰਹਾਜ਼ਰ ਹੋਕੇ ਵੀ ਸਮੁੱਚੇ ਨਾਟ-ਸੰਸਾਰ ਵਿਚ ਆਪਣੀ ਜੀਵੰਤ ਹਾਜ਼ਰੀ ਦਾ ਅਹਿਸਾਸ ਜਗਾਉਂਦੀ ਹੈ ਅਤੇ ਇਤਿਹਸ ਦੇ ਸੱਚ ਨੂੰ ਨਵੇਂ ਸਿਰਿਓਂ ਫਰੋਲਣ ਦਾ ਸੱਦਾ ਦਿੰਦੀ ਹੈ। ਇਹੀ ਇਸ ਨਾਟਕ ਦੀ ਇਤਿਹਾਸਕਤਾ ਦਾ ਮੂਲ ਆਧਾਰ ਹੈ।

ਇਸ ਨਾਟਕ ਬਾਰੇ ਵਿਸਤਾਰ ਨਾਲ ਚਰਚਾ ਕਰਨ ਤੋਂ ਪਹਿਲਾਂ ਇਸਦੀ ਭੂਮਿਕਾ ਨੂੰ ਗਹੁ ਨਾਲ ਵਾਚਣਾ ਜ਼ਰੂਰੀ ਹੈ। ਅਸਲ ਵਿਚ ਇਹ ਭੂਮਿਕਾ ਵੀ ਆਪਣੇ ਆਪ ਵਿਚ ਬਹੁਤ ਮਹੱਤਵਪੂਰਣ ਹੈ। ਇਹ ਇਸ ਨਾਟਕ ਦੀ ਸਿਰਜਣਾਤਮਕ ਪ੍ਰੇਰਣਾ, ਥੀਮਕ ਸੰਕਲਪਨਾ ਅਤੇ ਵਿਧਾਗਤ ਵਿਲੱਖਣਤਾ ਵਲ ਹੀ ਧਿਆਨ ਆਕਰਸ਼ਿਤ ਨਹੀਂ ਕਰਦੀ ਸਗੋਂ ਉਨ੍ਹਾਂ ਇਤਿਹਾਸਕ ਲਿਖਤਾਂ ਦੀ ਨਿਸ਼ਾਨਦੇਹੀ ਵੀ ਕਰਦੀ ਹੈ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਨਵੀਨ ਅਰਥ-ਸਾਰਥਕਤਾ ਪ੍ਰਦਾਨ ਕਰਦੀਆਂ ਹਨ :

"2005 ਵਿਚ ਮੈਨੂੰ ਹਿੰਦੀ ਅਖ਼ਬਾਰ 'ਦੈਨਿਕ ਭਾਸਕਰ' ਨੇ ਆਪਣੇ ਵਿਸ਼ੇਸ਼ ਐਡੀਸ਼ਨ ਵਾਸਤੇ ਗੁਰੂ ਅਰਜਨ ਦੇਵ ਜੀ ਬਾਰੇ ਇਕ ਲੇਖ ਲਿਖਣ ਲਈ ਕਿਹਾ। ਉਸਦੀ ਤਿਆਰੀ ਕਰਦਿਆਂ ਮੈਂ ਗੁਰੂ ਜੀ ਦੀ ਸ਼ਹੀਦੀ ਦੇ ਪ੍ਰਸੰਗ ਨੂੰ ਬਹੁਤ ਨੀਝ ਲਾ ਕੇ ਦੇਖਣ ਅਤੇ ਗੰਭੀਰਤਾ ਨਾਲ ਵਿਚਾਰਨ ਦੀ ਕੋਸ਼ਿਸ਼ ਕੀਤੀ। . . . ਲੇਖ ਲਿਖਦਿਆਂ ਮੈਨੂੰ ਗੁਰੂ ਜੀ ਦੇ ਜੀਵਨ ਵਿਚ ਇਕ ਵੱਡਾ ਨਾਟਕ ਦਿਸਣ ਲੱਗ ਪਿਆ; ਬਲਕਿ ਨਾਟਕ ਕੀ ਹੁੰਦਾ ਹੈ, ਇਸਦੀ ਪਰਿਭਾਸ਼ਾ ਵੀ ਬਣਨੀ ਸ਼ੁਰੂ ਹੋਈ। ਭਾਵੇਂ ਉਨ੍ਹਾਂ ਦੇ ਜੀਵਨ ਅਤੇ ਬਾਣੀ ਵਿਚ ਕੋਈ ਤਣਾਵ ਨਹੀਂ ਹੈ ਪਰ 'ਉਨ੍ਹਾਂ ਦੀ ਸੋਚ' ਅਤੇ ਉਨ੍ਹਾਂ ਦੇ ਸਮੇਂ ਵਿਚ 'ਹਕੂਮਤ ਚਲਾ ਰਹੀਆਂ ਧਿਰਾਂ ਵਿਚ ਪ੍ਰਵੇਸ਼ ਕਰ ਰਹੀ ਸੋਚ' ਵਿਚਕਾਰ ਜਿਹੜਾ ਤਣਾਵ ਸ਼ੁਰੂ ਹੋ ਰਿਹਾ ਸੀ, ਉਹ ਬੜਾ ਮਹੱਤਵਪੂਰਣ ਹੈ।"

ਇਸੇ ਸੰਦਰਭ ਵਿਚ ਆਤਮਜੀਤ ਨੇ ਸਿੱਖ ਧਰਮ ਅਤੇ ਇਤਿਹਾਸ ਦੇ ਚਰਚਿਤ ਵਿਚਾਰਵਾਨ ਕਪੂਰ ਸਿੰਘ ਆਈ ਸੀ ਐੱਸ ਦੀ ਪੁਸਤਕ 'ਸਾਚੀ ਸਾਖੀ' ਦਾ ਹਵਾਲਾ ਦਿੱਤਾ ਹੈ। ਉਸਦੇ ਸ਼ਬਦਾਂ ਵਿਚ ਇਹ ਪੁਸਤਕ "ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਝਣ ਵਿਚ ਬਹੁਤ ਵੱਡੀ ਭੂਮਿਕਾ ਅਦਾ ਕਰਦੀ ਹੈ।" ਇਸ ਪੁਸਤਕ ਵਿਚ ਕਪੂਰ ਸਿੰਘ ਆਈ ਸੀ ਐੱਸ ਨੇ ਨਕਸ਼ਬੰਦੀ ਸੂਫ਼ੀ ਸਿਲਸਿਲੇ ਦੇ ਉਸ ਵੇਲੇ ਦੇ ਆਗੂ ਸ਼ੈਖ਼ ਮੁਜੱਦਿਦ ਅਲਿਫ਼ੇ ਸਾਨੀ ਸਿਰਹੰਦੀ (1561-1624) ਦੀਆਂ ਲਿਖਤਾਂ **ਮਕਤੂਬਾਤਿ ਅਮਾਮਿ ਰੱਬਾਨੀ** ਦੇ ਹਵਾਲੇ ਨਾਲ ਇਸ ਸਮੁੱਚੇ ਘਟਨਾ-ਕ੍ਰਮ ਬਾਰੇ ਆਪਣੀ ਅਤੇ ਡਾ. ਗੰਡਾ ਸਿੰਘ ਦੀ ਖੋਜ ਉੱਤੇ ਆਧਾਰਿਤ ਜੋ ਧਾਰਣਾਵਾਂ ਪੇਸ਼ ਕੀਤੀਆਂ ਹਨ ਉਹ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਨਵਾਂ ਪਰਿਪੇਖ ਉਸਾਰਦੀਆਂ ਹਨ :

"ਸਤਾਰਵੀਂ-ਅਠਾਰਵੀਂ ਸਦੀ ਦਾ ਮੁਗ਼ਲ ਸਾਮਰਾਜ ਨਾਲ ਸਿੱਖ ਮੱਤ ਤੇ ਸਿੱਖ ਪੰਥ ਦਾ ਸੰਘਰਸ਼ ਕੋਈ ਐਵੇਂ ਓਪਰੀ ਅਤੇ ਇਫ਼ਾਕੀਆ ਘਟਨਾ ਨਹੀਂ ਸੀ, ਸਗੋਂ ਬੁਨਿਆਦੀ ਆਤਮਿਕ ਅਤੇ ਸਮਾਜਿਕ ਸਿੱਧਾਂਤਾਂ ਦਾ ਘੋਰ ਸੰਘਰਸ਼ ਅਤੇ ਇਤਿਹਾਸਕ ਭੇੜ ਸੀ। ਅਤੇ ਸ਼ੈਖ਼ ਮੁਜੱਦਦ ਅਲਫ਼ਥਾਨੀ (ਅਲਿਫ਼ੇ ਸਾਨੀ) ਸਿਰਹੰਦੀ, ਇਸਲਾਮੀ

ਰਾਜ ਦੇ ਦੇ ਝੰਡੇ ਅਤੇ ਅਸੀਮ ਸ਼ਕਤੀ ਹੇਠਾਂ, ਇਸ ਸੰਘਰਸ਼ ਦਾ ਜਰਨੈਲ ਸੀ, ਜਿਸ ਨੇ ਅਤੇ ਜਿਸਦੇ ਉੱਤ੍ਰਾਧਿਕਾਰੀ ਗੱਦੀਦਾਰਾਂ ਨੇ ਸਾਹਿਬ ਪੰਚਮ ਪਾਤਸ਼ਾਹ ਨੂੰ ਅਤਿ ਦੇ ਤਸੀਹੇ ਦੇ ਕੇ ਕਤਲ ਕਰਵਾਇਆ, ਗੁਰੂ ਹਰਿਗੋਬਿੰਦ ਸਾਹਿਬ ਨੂੰ ਮਰਵਾਉਣ ਦੀ ਕੋਸ਼ਿਸ਼ ਕੀਤੀ ਅਤੇ ਬੰਦੀਖਾਨੇ ਪਵਾਇਆ, ਗੁਰੂ ਹਰਿਕ੍ਰਿਸ਼ਨ ਨੂੰ ਸਮਾਪਤ ਕਰਵਾਉਣ ਦਾ ਯਤਨ ਕੀਤਾ, ਗੁਰੂ ਤੇਗ਼ ਬਹਾਦਰ ਦਾ ਸੀਸ ਕਲਮ ਕਰਾਇਆ, ਸ਼ੀਰਖ਼ੋਰ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਵਾਇਆ, ਦਸਮ ਪਾਤਸ਼ਾਹ ਉੱਤੇ ਘਾਤਕ ਹਮਲਾ ਕਰਵਾਇਆ, ਬੰਦਾ ਸਿੰਘ . . .

ਇਹ ਧਾਰਣਨਾਵਾਂ ਸਿੱਖ ਵਿਰਸੇ ਦੀ ਪ੍ਰਚੱਲਤ ਰਵਾਇਤ ਨਾਲੋਂ ਭਿੰਨ ਤੇ ਵਿਲੱਖਣ ਹਨ। ਇਸਦਾ ਮੂਲ ਕਾਰਣ ਇਹ ਹੈ ਕਿ 1960 ਤੋਂ ਪਹਿਲਾਂ ਸਿੱਖ ਵਿਦਵਾਨਾਂ ਦੀ ਇਨ੍ਹਾਂ ਲਿਖਤਾਂ ਤਕ ਰਸਾਈ ਹੀ ਨਹੀਂ ਸੀ। ਕਪੂਰ ਸਿੰਘ ਆਈ ਸੀ ਐੱਸ ਨੇ ਆਪਣੀ ਪੁਸਤਕ ਵਿਚ ਸ਼ੈਖ਼ ਅਹਿਮਦ ਸਰਹੰਦੀ (ਮੁਜੱਦਿਦ) ਅਤੇ ਉਸਦੇ ਸਿਆਸੀ ਸਹਿਯੋਗੀਆਂ ਬਾਰੇ ਹੋਰ ਵੀ ਕਈ ਮਹੱਤਵਪੂਰਣ ਟਿਪਣੀਆਂ ਅਤੇ ਹਵਾਲੇ ਦਿੱਤੇ ਹਨ ਜੋ ਇਨ੍ਹਾਂ ਇਤਿਹਾਸਕ ਕਿਰਦਾਰਾਂ ਦੀ ਮਾਨਸਿਕਤਾ ਅਤੇ ਉਨ੍ਹਾਂ ਦੇ ਇਤਿਹਾਸਕ ਰੋਲ ਨੂੰ ਸਪਸ਼ਟ ਕਰਦੇ ਹਨ। ਇਨ੍ਹਾਂ ਵਿਚੋਂ ਉਲੇਖਯੋਗ ਹਵਾਲੇ/ਟਿਪਣੀਆਂ ਨਿਮਨ-ਅੰਕਿਤ ਹਨ :

"ਜੇ ਅਸੀਂ ਪੀਰੀ ਕਰਨੀ ਹੁੰਦੀ ਤਾਂ ਸੰਸਾਰ ਵਿਚ ਹੋਰ ਕਿਸੇ ਪੀਰ ਨੂੰ ਅਸਾਡੇ ਬਗ਼ੈਰ ਮੁਰੀਦ ਲੱਭਣਾ ਕਠਿਨ ਹੋ ਜਾਣਾ ਸੀ। ਪਰ ਅਸਾਡੇ ਜ਼ਿੰਮੇ ਹੋਰ ਕੰਮ ਲੱਗਾ ਹੋਇਆ ਹੈ ਕਿ ਮੁਸਲਮਾਨਾਂ ਦੀ ਦੁਸ਼ਟਾਂ ਤੋਂ ਰੱਖਿਆ ਕਰੀਏ। ਇਹ ਕਾਰਜ ਬਾਦਸ਼ਾਹਾਂ ਦੀ ਸਹਾਇਤਾ ਨਾਲ ਹੀ ਸਿਰੇ ਚੜ੍ਹ ਸਕਦਾ ਹੈ। ਰਾਜ-ਸੱਤਾ ਪ੍ਰਾਪਤ ਲੋਕਾਂ ਨਾਲ ਮੇਲ ਜੋਲ, ਉਨ੍ਹਾਂ ਨੂੰ ਪ੍ਰਭਾਵ ਹੇਠ ਲਿਆਉਣਾ, ਫੇਰ ਉਨ੍ਹਾਂ ਨੂੰ ਮੁਸਲਮਾਨਾਂ ਦੀ ਬਾਲਾਦਸਤੀ ਲਈ ਵਰਤਣਾ, ਇਹੋ ਸਾਡਾ ਮੁੱਖ ਕਰਤੱਵਯ ਹੈ. . .

"ਸ਼ੈਖ਼ ਸਰਹੰਦੀ ਦੀ ਅਤਮਾ ਨੂੰ ਦਿੱਬਯ ਗਿਆਨ ਹੋਇਆ ਕਿ ਇਸਲਾਮ ਦੀ ਦੂਜੀ ਸਹਸ੍ਰਾਬਦੀ ਦੇ ਆਰੰਭ ਵਿਚ ਦੀਨ ਦੀ ਦਸ਼ਾ ਗਿਲਾਨੀ-ਪੂਰਤ ਹੋ ਚੁੱਕੀ ਹੈ, ਅਤੇ ਇਸ ਲਈ ਇਸਲਾਮੀ ਦੀਨ ਦੀ ਪੁਨਰ-ਸਥਾਪਨਾ ਲਈ 'ਮੁਜੱਦਦ' ਅਥਵਾ ਧਰਮ-ਰੱਖਿਅਕ ਦੀ ਲੋੜ ਹੈ। ਸ਼ੈਖ਼ ਸਰਹੰਦੀ ਨੂੰ ਤਦ ਆਕਾਸ਼ਵਾਣੀ ਹੋਈ ਕਿ ਅੱਲਾ ਨੇ ਉਸਨੂੰ ਇਸਲਾਮ ਦੀ ਦੂਜੀ ਸਹਸ੍ਰਾਬਦੀ (ਅਲਿਫ਼ਥਾਨੀ) ਦਾ ਧਰਮ-ਰੱਖਿਅਕ (ਮੁਜੱਦਦ) ਥਾਪਿਆ ਹੈ।

"ਅਕਬਰ ਦੇ ਰਾਜ ਦੇ ਅੰਤਲੇ ਦਿਨਾਂ ਵਿਚ ਮਜੱਦਦ ਨੇ ਦੀਨ ਦੀ ਤਜਦੀਦ ਅਥਵਾ ਪੁਨਰ-ਸਥਾਪਨਾ ਦਾ ਪ੍ਰਚਾਰ ਭਾਸ਼ਨਾਂ ਤੇ ਚਿੱਠੀਆਂ ਰਾਹੀਂ ਆਰੰਭਿਆ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਚਿੱਠੀਆਂ ਦੀਆਂ ਨਕਲਾਂ ਅਜੇ ਵੀ ਮਿਲਦੀਆਂ ਹਨ। ਇਨ੍ਹਾਂ ਚਿੱਠੀਆਂ (ਮਕਤੂਬਾਤ) ਵਿਚ, ਮੁਗ਼ਲ ਅਹਿਲਕਾਰਾਂ ਵਲ ਲਿਖੀਆਂ ਸਭ ਤੋਂ ਵਧੇਰੇ ਚਿੱਠੀਆਂ ਸ਼ੇਖ ਫਰੀਦ ਬੁਖਾਰੀ, ਜਿਸਨੂੰ ਕਿ ਜਹਾਂਗੀਰ ਨੇ ਪਾਤਸ਼ਾਹ ਬਣਦੇ ਸਾਰ ਹੀ, ਮੁਰਤਜ਼ਾ ਖਾਨ ਦੀ ਪਰਮ-ਉੱਚ ਉਪਾਧੀ ਅਤੇ ਛੇਹਜ਼ਾਰੀ ਦਾ ਜੰਗੀ ਰੁਤਬਾ ਬਖ਼ਸ਼ਿਆ, ਦੇ ਨਾਮ ਹਨ। ਇਹ ਮੁਰਤਜ਼ਾ ਖਾਨ ਮੁਜੱਦਦ ਦਾ ਬੜਾ ਸ਼ਰਧਾਵਾਨ ਤੇ ਕੱਟੜ ਚੇਲਾ ਸੀ ਅਤੇ ਇਸੇ ਨੇ ਯੁਵਰਾਜ ਖਿਸਰਾਓ ਦੀ ਬਗ਼ਾਵਤ ਦਾ ਲੱਕ ਤੋੜਿਆ ਸੀ, ਜਿਸ ਖਿਸਰਾਓ ਦੀ ਕਿ ਗੁਰੂ-ਘਰ ਅਤੇ ਗੁਰੂ ਅਰਜਨ ਉੱਤੇ ਮਹਾਨ ਸ਼ਰਧਾ ਸੀ ਅਤੇ ਜੋ ਗੁਰੂਆਂ ਦੇ ਬਹੁ-ਕੇਂਦ੍ਰਿਤ ਸਮਾਜ ਦੀ ਸਥਾਪਨਾ ਦਾ ਹਾਮੀ ਸੀ। ਜਹਾਂਗੀਰ ਨੇ ਗੁਰੂ ਅਰਜਨ ਦੇ ਸਰੀਰ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿੱਤਾ ਸੀ ਤਾਂ ਕਿ ਉਹ ਗੁਰੂ ਨੂੰ ਅੱਤ ਦੇ ਤਸੀਹੇ (ਯਾਸਾ) ਦੇ ਕੇ ਮਾਰ ਦੇਵੇ।"

ਉਪਰੋਕਤ ਹਵਾਲੇ/ਟਿਪਣੀਆਂ **ਮਕਤੂਬਾਤਿ ਅਮਾਮਿ ਰੱਬਾਨੀ** ਉੱਤੇ ਆਧਾਰਿਤ ਹਨ ਜੋ ਉਸਦੇ ਸਮੁੱਚੇ ਕਿਰਦਾਰ ਨੂੰ ਮੂਰਤੀਮਾਨ ਕਰਦੀਆਂ ਹਨ। ਗੁਰੂ ਅਰਜਨ ਦੇਵ ਦੀ ਸ਼ਹਾਦਤ ਬਾਰੇ ਮੁਜਦਿਦ ਦੀ ਨਿਮਨ-ਅੰਕਿਤ ਸਿੱਧੀ ਟਿਪਣੀ ਹੋਰ ਵੀ ਵਧੇਰੇ ਮਹੱਤਵਪੂਰਣ ਹੈ।

"ਇਨ੍ਹਾਂ ਦਿਨਾਂ ਵਿਚ ਹੀ ਜੋ ਗੋਇੰਦਵਾਲ ਦੇ ਭ੍ਰਸ਼ਟੇ ਹੋਏ ਕਾਫ਼ਰ ਨੂੰ ਕਤਲ ਕਰ ਦਿੱਤਾ ਗਿਆ ਹੈ, ਇਹ ਬੜੀ ਸ਼ੁੱਭ ਘਟਨਾ ਹੋਈ ਹੈ ਅਤੇ ਇਸ ਨਾਲ ਹਿੰਦੂਆਂ ਨੂੰ ਇਕ ਵੱਡੀ ਸ਼ਿਕਸਤ ਹੋਈ ਹੈ। ਉਸ ਨੂੰ ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਵੀ ਮਾਰ ਮੁਕਾਉਣ ਨਾਲ ਕਾਫ਼ਰਾਂ ਦੀ ਵੱਡੀ ਹਾਨੀ ਹੋਈ ਹੈ ਅਤੇ ਮੁਸਲਮਾਨਾਂ ਲਈ ਇਹ ਸ਼ੁੱਭ ਅਤੇ ਮਹਾਨ ਲਾਭ ਦੀ ਗੱਲ ਬਣੀ ਹੈ। ਇਸ ਬੇਇਮਾਨ ਦੇ ਕਤਲ ਹੋਣ ਤੋਂ ਪਹਿਲਾਂ ਮੈਨੂੰ ਇਕ ਦਿੱਬ ਸੁਪਨਾ ਆਇਆ ਸੀ ਕਿ ਪਾਤਸ਼ਾਹ (ਜਹਾਂਗੀਰ) ਨੇ ਭ੍ਰਸ਼ਟ ਅਧਰਮ ਦਾ ਸਿਰ ਕੁਚਲ ਦਿੱਤਾ ਹੈ। ਇਸ ਵਿਚ ਸੰਸਾ ਨਹੀਂ ਕਿ ਉਹ (ਗੁਰੂ ਅਰਜਨ) ਕਾਫ਼ਰ ਹਿੰਦੂਆਂ ਦਾ ਜਗਦ-ਗੁਰੂ ਸੀ ਅਤੇ ਅਧਾਰਮਿਕ ਰੁਚੀਆਂ ਰੱਖਣ ਵਾਲਿਆ ਦਾ ਸ਼ਹਿਨਸ਼ਾਹ ਸੀ।" (ਪੰਨਾ 2-3)

**ਤੱਤੀ ਤਵੀ ਦਾ ਸੱਚ** ਨਾਟਕ ਇਨ੍ਹਾਂ ਇਤਿਹਾਸਕ ਤੱਥਾਂ ਦੀ ਰੌਸ਼ਨੀ ਵਿਚ ਹੀ ਰੂਪ ਤੇ ਆਕਾਰ ਗ੍ਰਹਿਣ ਕਰਦਾ ਹੈ। ਆਤਮਜੀਤ ਦੇ ਆਪਣੇ ਸ਼ਬਦਾਂ ਵਿਚ "ਜਿਉਂ ਜਿਉਂ ਮੇਰੇ ਸਾਮ੍ਹਣੇ ਮੁਜੱਦਦ ਦਾ ਚਿਹਰਾ ਉੱਭਰਦਾ ਗਿਆ, ਗੁਰੂ ਅਰਜਨ ਦੇਵ ਦੀ ਸ਼ਹੀਦੀ ਦੇ ਪ੍ਰਸੰਗ ਵਿਚ ਨਾਟਕੀਅਤਾ ਦੇ ਅੰਸ਼ ਗੂੜ੍ਹੇ ਹੋਣ ਲੱਗੇ। ਮੁਜੱਦਦ ਨੇ ਹਿੰਦੁਸਤਾਨ ਵਿਚ ਇਕ ਤਿੱਖੇ ਵਿਚਾਰਧਾਰਾਕ ਟਕਰਾਉ ਨੂੰ ਨਾ ਕੇਵਲ ਬੜੇ ਸੁਚੇਤ ਰੂਪ ਵਿਚ ਉਭਾਰਿਆ ਬਲਕਿ ਆਪ ਪਿੱਛੇ ਰਹਿ ਕੇ ਤੇ ਉਹਲੇ ਵਿਚ ਬਹਿ ਕੇ ਆਪਣੀ ਵਿਚਾਰਧਾਰਾ ਨੂੰ ਰਾਜ ਸੱਤਾ ਰਾਹੀਂ ਲਾਗੂ ਕਰਵਾਇਆ। ਬੇਸ਼ਕ ਮੁਜੱਦਦ ਇਤਿਹਾਸ ਦੇ ਇਸ ਘਿਨਾਉਣੇ ਨਾਟਕ ਦਾ ਦਿਸਦਾ ਪਾਤਰ ਨਹੀਂ ਹੈ, ਪਰ ਉਹ ਨਿਸ਼ਚੈ ਹੀ ਇਸ ਦਾ ਲੇਖਕ ਵੀ ਹੈ ਅਤੇ ਨਿਰਦੇਸ਼ਕ ਵੀ। ਉਹ ਆਪਣੀਆਂ ਉਂਗਲਾਂ ਨਾਲ ਆਪਣੇ ਸਮੇਂ ਦੀਆਂ ਪੁਤਲੀਆਂ ਨੂੰ ਨਚਾਉਣ ਵਾਲਾ ਇੰਨਾ ਚਾਲਾਕ ਕਲਾਕਾਰ ਹੈ ਕਿ ਉਸਦੇ ਰੋਲ ਨੂੰ ਪਛਾਣਦਿਆਂ ਵੀ ਸਾਨੂੰ ਸਦੀਆਂ ਲੱਗ ਗਈਆਂ ਹਨ। ਚੰਦੂ ਅਤੇ ਪ੍ਰਿਥੀਆ ਦਾ ਗੁਰੂ-ਵਿਰੋਧ ਸਪਸ਼ਟ ਸੀ ਪਰ ਨਿਮਨ ਪੱਧਰ ਦਾ ਸੀ।. . . ਇਸਦੇ ਉਲਟ ਮੁਜੱਦਦ ਦਾ ਆਸ਼ਾ ਹਿੰਦੁਸਤਾਨ ਦੇ ਇਤਿਹਾਸ ਦੀ ਦਿਸ਼ਾ ਵਿਚ ਇਕ ਸਿਖਰਲੀ ਤਬਦੀਲੀ ਲਿਆਉਣੀ ਸੀ। ਚੰਦੂ ਅਤੇ ਪ੍ਰਿਥੀਏ ਦਾ ਵਿਰੋਧ ਗੁਰੂ ਨਾਲ ਸੀ, ਉਨ੍ਹਾਂ ਦੇ ਸਿੱਧਾਂਤਾਂ ਨਾਲ ਨਹੀਂ ਸੀ . . . ਇਸਦੇ ਉਲਟ ਮੁਜੱਦਦ ਦਾ ਵਿਰੋਧ ਗੁਰੂ ਜੀ ਨਾਲ ਨਹੀਂ ਸੀ, ਉਨ੍ਹਾਂ ਦੇ ਸਿੱਧਾਂਤਾਂ ਨਾਲ ਸੀ। ਉਸਨੇ ਜਹਾਂਗੀਰ ਰਾਹੀਂ ਸਲਤਨਤ ਦੀ ਨੀਤੀ ਨੂੰ ਵੀ ਗੁਰੂ ਜੀ ਦੇ ਵਿਰੋਧ ਵਿਚ ਖੜਾ ਕਰ ਦਿੱਤਾ। ਇਉਂ ਮੁਜੱਦਦ ਨੇ ਗੁਰੂ ਜੀ ਨੂੰ ਸ਼ਹੀਦ ਕਰਵਾ ਕੇ ਧਾਰਮਿਕ ਕੱਟੜਤਾ ਦੇ ਇਕ ਘਿਨਾਉਣੇ ਯੁੱਗ ਦਾ ਆਰੰਭ ਕਰ ਦਿੱਤਾ। ਉਹ ਗੁਰੂ ਜੀ ਦਾ ਨਹੀਂ, ਹਿੰਦੁਸਤਾਨ ਦੇ ਪੁਰਾਤਨ ਸਭਿਆਚਾਰ ਅਤੇ ਉਸ ਸਮੇਂ ਦੇ ਇਤਿਹਾਸ ਦਾ ਦੁਸ਼ਮਣ ਸੀ।"

ਇਸ ਤਰ੍ਹਾਂ ਇਹ ਨਾਟਕ ਨਿਰੋਲ ਸਿੱਖ ਇਤਿਹਾਸ ਤਕ ਸੀਮਤ ਨਹੀਂ ਰਹਿੰਦਾ ਸਗੋਂ ਮੱਧਕਾਲੀਨ ਭਾਰਤ ਦੇ ਸਮੁੱਚੇ ਸਭਿਆਚਾਰਕ ਇਤਿਹਾਸ ਵਿਚ ਫੈਲ ਜਾਂਦਾ ਹੈ। ਇਹ ਗੁਰੂ ਅਰਜਨ ਦੇਵ ਦੀ ਸ਼ਹਾਦਤ ਦੇ ਹਵਾਲੇ ਨਾਲ **ਤੁਜ਼ਕਿ ਜਹਾਂਗੀਰੀ** ਅਤੇ **ਮਕਤੂਬਾਤਿ ਅਮਾਮਿ ਰੱਬਾਨੀ** ਵਰਗੀਆਂ ਤਤਕਾਲੀਨ ਇਤਿਹਾਸਕ ਲਿਖਤਾਂ ਅਤੇ ਲੋਕ-ਪ੍ਰਚੱਲਤ ਧਾਰਨਾਵਾਂ ਨੂੰ ਵਿਖੰਡਿਤ ਕਰਕੇ ਉਸ ਸਮੁੱਚੇ ਦੌਰ ਦੇ ਰਾਜਨੀਤਕ ਅਵਚੇਤਨ ਨੂੰ ਫਰੋਲਦਾ ਹੈ। ਗੁਰੂ

ਅਰਜਨ ਦੇਵ ਕੋਈ ਸਾਧਾਰਣ ਵਿਅਕਤੀ ਨਹੀਂ ਸਨ। ਉਹ ਮੱਧਕਾਲੀਨ ਭਾਰਤ ਦੀ ਉਸ ਜਾਗ੍ਰਿਤੀ ਲਹਿਰ ਦੇ ਅਲੰਬਰਦਾਰ ਸਨ ਜਿਸ ਨੂੰ ਉਸਾਰਨ ਵਿਚ ਸੰਤਾਂ, ਭਗਤਾਂ, ਸੂਫ਼ੀਆਂ ਅਤੇ ਗੁਰੂ ਵਿਅਕਤੀਆਂ ਨੇ ਭਰਪੂਰ ਯੋਗਦਾਨ ਦਿੱਤਾ ਸੀ। ਧਾਰਮਿਕ ਸਹਿਨਸ਼ੀਲਤਾ, ਸਾਂਝੀਵਾਲਤਾ ਅਤੇ ਸਭਿਆਚਾਰਕ ਸੁਮੇਲ ਦੀ ਭਾਵਨਾ ਜਗਾਉਣ ਵਾਲੀ ਇਸ ਕ੍ਰਾਂਤੀਕਾਰੀ ਲਹਿਰ ਦਾ ਭਾਰਤੀ ਲੋਕ ਮਨ ਉੱਤੇ ਪ੍ਰਭਾਵ ਬਹੁਤ ਵਿਆਪਕ ਸੀ। ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਦੇ ਰੂਪ ਵਿਚ ਇਕ ਅਜਿਹੇ ਮਹਾਂ-ਗ੍ਰੰਥ ਦੀ ਸਿਰਜਣਾ ਕਰਨ ਦਾ ਸੁਪਨਾ ਲਿਆ ਜੋ ਬਿਨਾ ਕਿਸੇ ਵਿਤਕਰੇ ਦੇ ਮਨੁੱਖ ਜਾਤੀ ਦੀ ਰੂਹਾਨੀ ਅਗਵਾਈ ਕਰ ਸਕੇ। ਇਸ ਮਹਾਂ-ਗ੍ਰੰਥ ਵਿਚ ਉਨ੍ਹਾਂ ਨੇ ਸਿੱਖ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖਿੱਤਿਆਂ, ਖੇਤਰੀ ਸਭਿਆਚਾਰਾਂ, ਧਰਮ-ਸੰਪ੍ਰਦਾਵਾਂ ਅਤੇ ਜਾਤ-ਬਰਾਦਰੀਆਂ ਨਾਲ ਸੰਬੰਧਿਤ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀ ਸੰਤ ਬਾਬਾ ਫ਼ਰੀਦ ਦੀ ਬਾਣੀ ਵੀ ਸ਼ਾਮਿਲ ਹੈ, ਜੋ ਇਸ ਨੂੰ ਸਰਬ-ਭਾਰਤੀ ਅਤੇ ਅਦੁੱਤੀ ਮਹੱਤਵ ਪ੍ਰਦਾਨ ਕਰਦੀ ਹੈ। ਇਸਦੀ ਸਿਰਜਣਾ ਤੇ ਸੰਕਲਪਨਾ ਦੇ ਪਿਛੋਕੜ ਵਿਚ ਇਕ ਅਜਿਹੀ ਉਦਾਰ ਮਾਨਵਵਾਦੀ ਵਿਸ਼ਵ-ਦ੍ਰਿਸ਼ਟੀ ਕਾਜਸ਼ੀਲ ਨਜ਼ਰ ਆਉਂਦੀ ਹੈ ਜੋ ਧਾਰਮਿਕ ਸਹਿਨਸ਼ੀਲਤਾ ਅਤੇ ਸਭਿਆਚਾਰਕ ਸੁਮੇਲ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ ਅਤੇ ਭਿੰਨਤਾਵਾਂ ਦਾ ਆਦਰ ਕਰਨਾ ਸਿਖਾਉਂਦੀ ਹੈ। ਮੁਗ਼ਲ ਸ਼ਹਿਨਸ਼ਾਹ ਅਕਬਰ ਦਾ ਸਮੂਹ ਧਰਮਾਂ ਅਤੇ ਸਭਿਆਚਾਰਾਂ ਪ੍ਰਤਿ ਸੁਲਹਕੁਲ ਵਤੀਰਾ ਅਤੇ ਦੀਨ-ਏ-ਇਲਾਹੀ ਦਾ ਸੁਪਨਾ ਵੀ ਸ਼ਾਇਦ ਇਸ ਲਹਿਰ ਦੀ ਰੂਹਾਨੀ ਸ਼ਕਤੀ ਨੇ ਜਗਾਇਆ ਸੀ।

ਜਹਾਂਗੀਰ ਇਸਦਾ ਨਾਟ-ਸੰਸਾਰ ਮੱਧਕਾਲੀਨ ਭਾਰਤ ਦੇ ਉਸ ਦਮਿਤ ਇਤਿਹਾਸ ਦਾ ਵਿਖੰਡਨ ਕਰਦਾ ਹੈ ਜੋ ਸਾਨੂੰ ਇਸਦੇ ਮੌਖਿਕ ਅਤੇ ਲਿਖਤੀ ਪਾਠਾਂ ਰਾਹੀਂ ਪ੍ਰਾਪਤ ਹੁੰਦਾ ਹੈ। ਪਰ ਉਹ ਇਸ ਦਮਿਤ ਇਤਿਹਾਸ ਦਾ ਨਿਰਾ ਵਿਖੰਡਨ ਨਹੀਂ ਕਰਦਾ ਸਗੋਂ ਇਤਿਹਾਸ ਦੀ ਨਵੀਂ ਚੇਤਨਾ ਨਾਲ ਉਸਨੂੰ ਪੁਨਰ-ਸਿਰਜਿਤ ਵੀ ਕਰਦਾ ਹੈ।

'ਤੱਤੀ ਤਵੀ ਦਾ ਸੱਚ' ਨੂੰ ਬਹੁ-ਵਿਧਾਈ ਨਾਟਕ ਦੇ ਰੂਪ ਵਿਚ ਲਿਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸਨੂੰ ਸਾਧਾਰਣ ਰੰਗ-ਮੰਚੀ ਨਾਟਕ ਦੇ ਰੂਪ ਵਿਚ ਵੀ ਪੇਸ਼ ਕੀਤਾ ਜਾ ਸਕਦਾ ਹੈ, ਇਕ ਲਾਈਟ ਐਂਡ ਸਾਊਂਡ ਨਾਟਕ ਵਜੋਂ ਵੀ ਅਤੇ ਮਲਟੀ ਮੀਡੀਆ ਨਾਟਕ ਦੇ ਰੂਪ ਵਿਚ ਵੀ। ਇਸ ਨਾਟਕ ਦਾ ਪ੍ਰਕਾਸ਼ਨ ਇਕ ਲਾਈਟ ਐਂਡ ਸਾਊਂਡ ਨਾਟਕ ਦੇ ਰੂਪ ਵਿਚ ਕੀਤਾ ਜਾ ਰਿਹਾ ਹੈ ਅਤੇ ਤਿੰਨ ਵੱਖ ਵੱਖ ਸਟੇਜਾਂ ਸੁਝਾਈਆਂ ਜਾ ਰਹੀਆਂ ਹਨ।